

ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਅਤੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਰਾਜਿੰਦਰ ਸਿੰਘ ਸਿੱਧੂ ਕੋਲੋਂ ਸ. ਜਿੰਦਰ ਸਿੰਘ 'ਪ੍ਰਵਾਸੀ ਭਾਰਤੀ ਪੁਰਸਕਾਰ' ਹਾਸਲ ਕਰਦੇ ਹੋਏ । ਪੀ ਏ ਯੂ ਦੇ ਪ੍ਰਬੰਧਕੀ ਬੋਰਡ ਦੇ ਸਾਬਕਾ ਮੈਂਬਰ ਸਰਦਾਰਨੀ ਕਰਮਜੀਤ ਕੌਰ ਨਾਲ ਖੜ੍ਹੇ ਹਨ ।

# ਮਿਹਨਤੀ ਸਬਜ਼ੀ ਉਤਪਾਦਕ
# ਸ. ਜਿੰਦਰ ਸਿੰਘ

ਸੰਨ 2002 ਤੱਕ ਸ. ਜਿੰਦਰ ਸਿੰਘ, ਪਿੰਡ ਸੰਧੂਆਂ, ਤਹਿਸੀਲ ਸ੍ਰੀ ਚਮਕੌਰ ਸਾਹਿਬ, ਜ਼ਿਲ੍ਹਾ ਰੋਪੜ ਵਿਖੇ ਰਹਿਣ ਵਾਲੇ ਕਣਕ-ਝੋਨੇ ਦੀ ਖੇਤੀ ਕਰਨ ਵਾਲੇ ਇੱਕ ਆਮ ਕਿਸਾਨ ਸੀ, ਪਰ ਉਨ੍ਹਾਂ ਅੰਦਰ ਇੱਕ ਬਦਲਾਅ ਲਿਆਉਣ ਦੀ ਚਾਹਤ ਸੀ। 2002 ਵਿੱਚ ਆਪਣੀ ਇਸ ਚਾਹਤ ਨੂੰ ਅਸਲੀਅਤ ਦਾ ਜਾਮਾ ਪਹਿਨਾਉਣ ਲਈ ਉਨ੍ਹਾਂ ਨੇ ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ ਵਿਖੇ ਸਬਜ਼ੀਆਂ ਦੀ ਕਾਸ਼ਤ ਬਾਰੇ ਅਤੇ ਸਬਜ਼ੀਆਂ ਦਾ ਹਾਈਬ੍ਰਿਡ ਬੀਜ ਤਿਆਰ ਕਰਨ ਦੀ ਸਿਖਲਾਈ ਪ੍ਰਾਪਤ ਕੀਤੀ। ਉਨ੍ਹਾਂ ਨੇ ਮਿਰਚਾਂ ਦਾ ਹਾਈਬ੍ਰਿਡ ਬੀਜ ਸੀ ਐਚ-1 ਬਨਾਉਣਾ ਸ਼ੁਰੂ ਕੀਤਾ ਅਤੇ ਅਗੇਤੀ ਫੁੱਲ ਗੋਭੀ ਦੀ ਕਾਸ਼ਤ ਵੀ ਸ਼ੁਰੂ ਕੀਤੀ। ਮਿਰਚਾਂ ਦਾ ਹਾਈਬ੍ਰਿਡ ਬੀਜ ਬਨਾਉਣ ਲਈ ਉਨ੍ਹਾਂ ਨੇ ਪੀ ਏ ਯੂ ਲੁਧਿਆਣਾ ਤੋਂ ਸੀ ਐਚ-1 ਦੇ ਨਰ ਅਤੇ ਮਾਦਾ ਲਾਈਨਾਂ ਦਾ ਬੀਜ ਪ੍ਰਾਪਤ ਕੀਤਾ ਅਤੇ ਸੀ ਐਚ-1 ਬੀਜ ਤੋਂ ਤਿਆਰ ਪਨੀਰੀ ਕਿਸਾਨਾਂ ਨੂੰ ਵਾਜਬ ਦਾਮ ਤੇ ਵੇਚਣੀ ਸੁਰੂ ਕੀਤੀ। ਮਿਰਚਾਂ ਤੋਂ ਹੋਏ ਫਾਇਦੇ ਨੂੰ ਵੇਖਦੇ ਹੋਏ ਉਨ੍ਹਾਂ ਨੇ ਪਿਆਜ਼, ਟਮਾਟਰ ਅਤੇ ਬੈਂਗਣ ਦੀ ਪਨੀਰੀ ਵੀ ਤਿਆਰ ਕਰਨੀ ਸ਼ੁਰੂ ਕਰ ਦਿੱਤੀ। ਮਿਹਨਤ ਸਦਕਾ ਸਬਜ਼ੀਆਂ ਦੀ ਕਾਸ਼ਤ ਰਾਹੀਂ ਘਰ ਦਾ ਗੁਜ਼ਾਰਾ ਵੀ ਸੋਹਣਾ ਚੱਲਣ ਲੱਗ ਪਿਆ । ਅਕਤੂਬਰ, 2004 ਵਿੱਚ ਉਨ੍ਹਾਂ ਦੇ ਖੇਤਾਂ ਵਿੱਚ ਵੱਡੇ ਪੱਧਰ ਤੇ ਸਬਜ਼ੀਆਂ ਦੀ ਕਾਸ਼ਤ ਬਾਰੇ ਖੇਤ ਦਿਵਸ ਮਨਾਇਆ ਗਿਆ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ ਵਿਖੇ ਖੇਤੀ ਪ੍ਰੋਗਰਾਮਾਂ, ਕਿਸਾਨ ਮੇਲੇ, ਸੈਮੀਨਾਰ ਆਦਿ ਵਿੱਚ ਜਿੰਦਰ ਸਿੰਘ ਦੀ ਦਿਲਚਸਪੀ ਲਗਾਤਾਰ ਵਧਦੀ ਗਈ ਅਤੇ ਉਨ੍ਹਾਂ ਨੇ ਆਪਣੇ ਫਾਰਮ ਨੂੰ ਸਾਇੰਸਦਾਨਾਂ ਮੁਤਾਬਿਕ ਖੇਤੀ ਪ੍ਰਬੰਧਾਂ ਵਿੱਚ ਢਾਲ ਲਿਆ ਨਵੀਨਤਮ ਖੇਤੀ ਤਜ਼ਰਬਿਆਂ ਨੂੰ ਵੀ ਉਨ੍ਹਾਂ ਨੇ ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ ਦੀ ਨਜ਼ਦੀਕੀ ਸਹਾਇਤਾ ਅਤੇ ਪੰਜਾਬ ਸਟੇਟ ਫਾਰਮਰਜ਼ ਕਮਿਸ਼ਨ ਤੋਂ ਮਾਲੀ ਮੱਦਦ ਪ੍ਰਾਪਤ ਕਰਕੇ ਇੱਕ ਕਨਾਲ ਵਿੱਚ ਨੈੱਟ ਹਾਊਸ ਲਗਾਇਆ ਅਤੇ ਇਸ

ਵਿਚ ਸ਼ਿਮਲਾ ਮਿਰਚ ਅਤੇ ਟਮਾਟਰ ਦੀ ਕਾਸ਼ਤ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਅਗੇਤੀ ਪਾਲਕ, ਧਨੀਆ ਅਤੇ ਬਾਂਸਾਂ ਉਤੇ ਬਰਸਾਤੀ ਟਮਾਟਰ ਦੀ ਕਾਸ਼ਤ ਬਹੁਤ ਕਾਮਯਾਬੀ ਨਾਲ ਕੀਤੀ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਅਤੇ ਕੰਢੀ ਖੋਜ ਕੇਂਦਰ, ਬੱਲੋਵਾਲ ਸੌਂਖੜੀ ਦੇ ਕਿਸਾਨ ਮੇਲਿਆਂ ਤੇ ਜਾ ਕੇ ਜਿੰਦਰ ਸਿੰਘ ਨੇ ਸਬਜ਼ੀਆਂ ਦੇ ਮੁਕਾਬਲਿਆਂ ਵਿੱਚ ਅਨੇਕਾਂ ਇਨਾਮ ਪ੍ਰਾਪਤ ਕੀਤੇ ਹਨ। ਸਬਜ਼ੀ ਉਤਪਾਦਨ ਵਿੱਚ ਹਾਸਲ ਮੁਹਾਰਤਾਂ ਸਦਕਾ ਪੀ ਏ ਯੂ ਕਿਸਾਨ ਕਲੱਬ ਵੱਲੋਂ ਜਿੰਦਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ । ਪੰਜਾਬ ਪੱਧਰ ਤੇ ਜਿੰਦਰ ਸਿੰਘ ਨੂੰ ਪੀ ਏ ਯੂ ਕਿਸਾਨ ਮੇਲਾ 2009 ਸਮੇਂ ਸ. ਸੁਰਜੀਤ ਸਿੰਘ ਢਿੱਲੋਂ ਐਵਾਰਡ ਨਾਲ ਸਨਮਾਨਿਆ ਗਿਆ। ਜਿੰਦਰ ਸਿੰਘ ਦੇ ਹੌਂਸਲੇ ਹੋਰ ਬੁਲੰਦ ਹੋਏ ਅਤੇ ਉਨ੍ਹਾਂ ਨੇ ਸਬਜ਼ੀ ਦੀ ਕਾਸ਼ਤ ਵਿੱਚ ਹੋਰ ਵਾਧਾ ਕੀਤਾ ਅਤੇ ਅਗੇਤੇ ਖੀਰੇ ਦੀ ਪੈਦਾਵਾਰ, ਸਬਜ਼ੀਆਂ ਦੀ ਬਹੁ-ਫ਼ਸਲੀ ਪ੍ਰਣਾਲੀ, ਸੁਰੰਗਾਂ ਵਿੱਚ ਸਬਜ਼ੀ ਦੀ ਖੇਤੀ, ਸ਼ੇਡ ਨੈੱਟ ਦੀ ਵਰਤੋਂ, ਗੰਢੀਆਂ ਰਾਹੀਂ ਸਾਉਣੀ ਦੇ ਪਿਆਜ਼ ਦੀ ਕਾਸ਼ਤ ਆਦਿ ਨੂੰ ਵੀ ਸ਼ਾਮਲ ਕੀਤਾ। ਸਬਜ਼ੀਆਂ ਦੀਆਂ ਬਹੁ-ਫ਼ਸਲੀ ਪ੍ਰਣਾਲੀ ਵਿੱਚ ਬਰਸਾਤੀ ਟਮਾਟਰ, ਪਾਲਕ, ਗਰਮੀਆਂ ਵਿੱਚ ਖੀਰਾ, ਧਨੀਆਂ, ਮਿਰਚ, ਸ਼ਿਮਲਾ ਮਿਰਚ, ਪਿਆਜ਼ ਆਦਿ ਦੀ ਕਾਸ਼ਤ ਸ਼ੁਰੂ ਕੀਤੀ।

ਜਿੰਦਰ ਸਿੰਘ ਵਾਤਾਵਰਣ ਅਤੇ ਕੁਦਰਤੀ ਸੋਮਿਆਂ ਦੀ ਸੰਭਾਲ ਬਾਰੇ ਭਲੀ-ਭਾਂਤ ਜਾਗਰੂਕ ਹੈ ਅਤੇ ਖੇਤੀ ਦੇ ਸਾਰੇ ਸੰਦ ਕਿਰਾਏ ਤੇ ਵਰਤਦੇ ਹਨ । ਉਨ੍ਹਾਂ ਨੇ ਇੱਕ ਕਨਾਲ ਨੈੱਟ ਹਾਊਸ ਵਿੱਚ ਤੁਪਕਾ ਸਿੰਚਾਈ ਦਾ ਪ੍ਰਬੰਧ ਕੀਤਾ ਹੋਇਆ ਹੈ। ਸਬਜ਼ੀਆਂ ਦੀ ਪੈਦਾਵਾਰ ਕਰਨ ਲਈ, ਉਹ ਆਪਣੇ ਫਾਰਮ ਤੇ ਗੰਡੋਇਆ ਖਾਦ ਵੀ ਤਿਆਰ ਕਰਦੇ ਹਨ । ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਉਹ ਜੈਵਿਕ ਦਵਾਈਆਂ ਦਾ ਇਸਤੇਮਾਲ ਜਿਵੇਂ ਟਰਾਈਕੋਡਰਮਾ, ਬੀਟੀ ਛਿੜਕਾਅ ਆਦਿ ਅਤੇ ਸਟੀਕੀ ਟ੍ਰੈਪ, ਫੀਰੋਮਾਨ ਟ੍ਰੈਪ ਆਦਿ ਦੀ ਵਰਤੋਂ ਕਰਦੇ ਹਨ । ਜਿੰਦਰ ਸਿੰਘ ਨੇ ਸ਼ਹਿਦ ਦੀਆਂ ਮੱਖੀਆਂ ਦੇ 10 ਬਕਸੇ ਵੀ ਰੱਖੇ ਹੋਏ ਹਨ।

ਜਿੰਦਰ ਸਿੰਘ ਨੇ ਛਿੜਕਾਅ ਕਰਨ ਵਾਲੇ ਪਿੱਠੂ ਪੰਪ ਨੂੰ ਸਾਈਕਲ ਨਾਲ ਚਲਦਾ ਕੀਤਾ ਹੋਇਆ ਹੈ। ਸ਼ਾਇਦ ਪੰਜਾਬ ਵਿੱਚ ਇਹ ਪਹਿਲੀ ਵਾਰ ਕਿਸੇ ਕਿਸਾਨ ਵੱਲੋਂ ਤਿਆਰ ਕਰਕੇ ਵਰਤਿਆ ਜਾ ਰਿਹਾ ਹੈ। ਜਿੰਦਰ ਸਿੰਘ ਨੂੰ ਪੀ ਏ ਯੂ ਫ਼ਲ ਅਤੇ ਸਬਜ਼ੀ ਕਮੇਟੀ ਦਾ ਮੈਂਬਰ ਚੁਣਿਆ ਗਿਆ ਹੈ।

ਜਿੰਦਰ ਸਿੰਘ ਇੱਕ ਮਿਹਨਤੀ ਅਤੇ ਇਮਾਨਦਾਰ ਕਿਸਾਨ ਹਨ, ਜਿਨ੍ਹਾਂ ਨੇ ਕੇਵਲ 2 ਏਕੜ ਰਕਬੇ ਤੋਂ ਆਪਣੇ ਪ੍ਰੀਵਾਰ ਦੀ ਚੰਗੇਰੇ ਢੰਗ ਨਾਲ ਦੇਖ-ਭਾਲ ਕੀਤੀ ਹੈ ਅਤੇ ਸਬਜ਼ੀ ਦੀ ਕਾਸ਼ਤ ਵਿੱਚ ਮੱਲ੍ਹਾਂ ਮਾਰੀਆਂ ਹਨ। ਛੋਟੇ ਕਿਸਾਨਾਂ ਲਈ ਇੱਕ ਮਿਸਾਲ ਅਤੇ ਵੱਡੇ ਕਿਸਾਨ ਵੀ ਉਨ੍ਹਾਂ ਦੇ ਦਿਸ਼ਾ ਨਿਰਦੇਸ਼ ਅਨੁਸਾਰ ਕੁਝ ਹਿੱਸਾ ਸਬਜ਼ੀਆਂ ਹੇਠ ਲਿਆ ਕੇ ਆਪਣੀ ਆਮਦਨ ਵਿੱਚ ਵਾਧਾ ਕਰ ਰਹੇ ਹਨ।